# ਬੱਚੇ ਅਤੇ ਭੈੜੀ ਜਾਦੂਗਰਨੀ

ਇੱਕ ਮੈਦਾਨ ਵਿੱਚ ਦੋ ਬੱਚੇ ਖੇਡ ਰਹੇ ਸਨ ਕਿ ਅਚਾਨਕ ਇੱਕ ਜਾਦੂਗਰਨੀ ਨੇ ਉਨ੍ਹਾਂ ਨੂੰ ਅਗਵਾ ਕਰ ਲਿਆ, ਲੇਕਿਨ ਕੁਝ ਦੇਰ ਬਾਅਦ ਮੌਕਾ ਵੇਖ ਬੱਚੇ ਉਸ ਦੀ ਕੈਦ ਵਿੱਚੋਂ ਨਿਕਲ ਗਏ। ਜਾਦੂਗਰਨੀ ਉਨ੍ਹਾਂ ਵਿਚਾਰਿਆਂ ਨੂੰ ਮੁੜ ਫੜਨ ਲਈ ਚਲ ਪਈ। ਬੱਚੇ ਜਦੋਂ ਭੱਜ ਕੇ ਘਰ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਰਸਤੇ ਵਿੱਚ ਇੱਕ ਪਰੀ ਮਿਲੀ, ਜਿਸਨੇ ਉਨ੍ਹਾਂ ਦੇ ਚਾਰੋਂ ਪਾਸੇ ਅੱਗ ਦਾ ਸੁਰੱਖਿਆ ਚੱਕਰ ਬਣਾ ਦਿੱਤਾ, ਲੇਕਿਨ ਭੈੜੀ ਜਾਦੂਗਰਨੀ ਨੇ ਫੂੰਕ ਮਾਰ ਕੇ ਅੱਗ ਬੁਝਾ ਦਿੱਤੀ। ਇਹ ਵੇਖ ਕੇ ਪਰੀ ਫਿਰ ਬੱਚਿਆਂ ਦੀ ਮਦਦ ਲਈ ਆਈ ਅਤੇ ਉਨ੍ਹਾਂ ਦੇ ਚਾਰੋਂ ਪਾਸੇ ਕੱਚ ਦੀ ਉੱਚੀ ਦੀਵਾਰ ਬਣਾ ਦਿੱਤੀ। ਹੁਣ, ਜਾਦੂਗਰਨੀ ਹਥੌੜਾ ਲੈਣ ਲਈ ਘਰ ਨੂੰ ਦੌੜੀ ਤਾਂ ਕਿ ਕੱਚ ਦੀ ਦੀਵਾਰ ਨੂੰ ਤੋੜ ਸਕੇ, ਲੇਕਿਨ ਜਦੋਂ ਉਹ ਪਰਤੀ ਤਾਂ ਉੱਥੇ ਕੋਈ ਨਹੀਂ ਸੀ। ਦਿਆਲੂ ਪਰੀ ਬੱਚਿਆਂ ਨੂੰ ਸਾਵਧਾਨੀ ਨਾਲ ਉਨ੍ਹਾਂ ਦੇ ਘਰ ਪਹੁੰਚਾ ਚੁੱਕੀ ਸੀ।

ਸਿਖਿਆ: ਸਾਨੂੰ ਬੁਰਾਈ ਦਾ ਟਾਕਰਾ ਕਰਨਾਂ ਚਾਹੀਦਾ ਹੈ। ਕੋਈ ਵੀ ਮੁਸੀਬਤ ਵਿੱਚ ਹੋਵੇ ਉਸਦੀ ਮੱਦਦ ਕਰਨੀਂ ਚਾਹੀਦੀ ਹੈ।